# ਮਿੱਤਰ ਦੀ ਭੈਣ ਦੇ ਵਿਆਹ ਤੇ ਨਾ ਸ਼ਾਮਲ ਹੋ ਸਕਣ ਸਬੰਧੀ ਪੱਤਰ।

ਪਿੰਡ ਤੇ ਡਾਕਖਾਨਾ ਭਿੰਡੀ ਔਲਖ,

ਜ਼ਿਲ੍ਹਾ ਅੰਮ੍ਰਿਤਸਰ।

ਮਿਤੀ 16 ਅਪਰੈਲ 2020.

ਪਿਆਰੇ ਗੁਰਦੇਵ,

ਪਿਆਰ ਭਰੀ ਸਤਿ ਸ੍ਰੀ ਅਕਾਲ।

ਸੁਰਜੀਤ ਭੈਣ ਜੀ ਦੇ ਵਿਆਹ ਤੇ ਨਾ ਪਹੁੰਚ ਸਕਣ ਲਈ ਮਾਫ਼ੀ ਮੰਗਣ ਤੋਂ ਪਹਿਲਾਂ ਮੈਂ ਤੁਹਾਨੂੰ ਅਤੇ ਸਾਰੇ ਪਰਿਵਾਰ ਨੂੰ ਭੈਣ ਜੀ ਦੇ ਸ਼ੁੱਭ ਵਿਆਹ ਦੀ ਦਿਲੋਂ ਵਧਾਈ ਦਿੰਦਾ ਹਾਂ।




ਇਸ ਸਮੇਂ ਜਦੋਂ ਮੈਂ ਇਹ ਪੱਤਰ ਲਿਖ ਰਿਹਾ ਹਾਂ, ਅਜੇ ਸਾਰੇ ਘਰ ਵਿੱਚ ਵਿਆਹ ਦੀ ਚਹਿਲ- ਪਹਿਲ ਹੋਵੇਗੀ। ਕਾਸ਼! ਮੈਂ ਕਿਵੇਂ ਨਾ ਕਿਵੇਂ ਇਸ ਖ਼ੁਸ਼ੀ ਦੇ ਮੌਕੇ 'ਤੇ ਪਹੁੰਚ ਸਕਦਾ। ਸੱਚੀ, ਮੈਂ ਤਾਂ ਕਿੰਨੀ ਦੇਰ ਤੋਂ ਭੈਣ ਜੀ ਦੇ ਵਿਆਹ ਦੇ ਦਿਨ ਦੀ ਉਡੀਕ ਕਰ ਰਿਹਾ ਸੀ। ਮੈਂ ਚਾਈਂ-ਚਾਈਂ ਵਿਆਹ ਦੇ ਨਿੱਕੇ-ਵੱਡੇ ਕੰਮਾਂ ਵਿਚ ਤੁਹਾਡੇ ਨਾਲ ਹੱਥ ਵਟਾਉਣਾ ਸੀ। ਮਾਤਾ ਜੀ ਅਤੇ ਪਿਤਾ ਜੀ, ਵਿਸ਼ੇਸ਼ ਕਰਕੇ ਭੈਣ ਜੀ, ਮੇਰੇ ਨਾਲ਼ ਇਸ ਗੱਲੋਂ ਨਾਰਾਜ਼ ਹੋਣਗੇ।



ਪਿਆਰੇ ਗੁਰਦੇਵ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਵਿਆਹ ਦੇ ਮੌਕੇ ਤੇ ਕਿਉਂ ਨਹੀਂ ਪਹੁੰਚ ਸਕਿਆ। ਮੈਂ ਵਿਆਹ ਤੋਂ ਦੋ ਦਿਨ ਪਹਿਲਾਂ ਤੁਹਾਡੇ ਕੋਲ ਪਹੁੰਚਣ ਲਈ ਸਲਾਹ ਬਣਾਈ ਸੀ ਪ੍ਰੰਤੂ ਉਣੱਤੀ ਤਰੀਕ ਦੀ ਦੇਰ ਸ਼ਾਮ ਨੂੰ ਆਪਣੇ ਸਕੂਲ ਤੋਂ ਹੁਣੇ-ਹੁਣੇ ਨੌਕਰੀਓਂ ਸੇਵਾ-ਮੁਕਤ ਹੋਏ ਪੰਜਾਬੀ ਦੇ ਅਧਿਆਪਕ ਜੀ ਦਾ ਸੁਨੇਹਾ ਮਿਲ਼ਿਆ ਕਿ ਉਨ੍ਹਾਂ ਦੇ ਮਾਤਾ ਜੀ ਨੂੰ ਧੁੰਦ ਵਿੱਚ ਕੋਈ ਸਕੂਟਰ-ਸਵਾਰ ਫੇਟ ਮਾਰ ਗਿਆ ਹੈ ਤੇ ਉਨ੍ਹਾਂ ਨੂੰ ਇਕਦਮ ਸ਼ਹਿਰ ਦੇ ਕਿਸੇ ਹਸਪਤਾਲ ਵਿਚ ਲਿਜਾਣਾ ਪੈਣਾ ਹੈ। ਅਧਿਆਪਕ ਜੀ ਨੂੰ ਮੇਰੀ ਸਹਾਇਤਾ ਦੀ ਸਖ਼ਤ ਲੋੜ ਸੀ। ਤੈਨੂੰ ਪਤਾ ਹੀ ਹੈ ਕਿ ਮੈਂ ਉਨ੍ਹਾਂ ਦਾ ਬਹੁਤ ਸਤਿਕਾਰ ਕਰਦਾ ਹਾਂ। ਇੱਕ ਪਾਸੇ ਪਿਆਰੇ ਭੈਣ ਜੀ ਦੇ ਵਿਆਹ ਤੇ ਪੁੱਜਣ ਦੀ ਦਿਲੀ ਇੱਛਾ ਸੀ, ਦੂਜੇ ਪਾਸੇ ਔਖੇ ਵੇਲ਼ੇ ਆਪਣੇ ਅਧਿਆਪਕਾਂ ਦੇ ਕੰਮ ਆਉਣ ਦਾ ਫ਼ਰਜ਼ ਸੀ।



ਮੈਂ ਸੋਚਿਆ ਤੁਹਾਥੋਂ ਸਾਰਿਆਂ ਤੋਂ ਵਿਆਹ ਵਿੱਚ ਨਾ ਪਹੁੰਚਣ ਦੀ ਮੁਆਫ਼ੀ ਮੰਗ ਲਵਾਂਗਾ ਪਰ ਜੇ ਅਜਿਹੇ ਵੇਲ਼ੇ ਆਪਣੇ ਅਧਿਆਪਕ ਜੀ ਦਾ ਸਾਥ ਨਾ ਦਿੱਤਾ ਤਾਂ ਸਦਾ ਲਈ ਮਨ ਤੇ ਭਾਰ ਰਹਿਣਾ ਸੀ। ਉਨ੍ਹਾਂ ਦੇ ਮਾਤਾ ਜੀ ਬਹੁਤ ਬੁਰੀ ਤਰ੍ਹਾਂ ਫੱਟੜ ਸਨ ਜੇਕਰ ਉਨ੍ਹਾਂ ਉਨ੍ਹਾਂ ਨੂੰ ਸਮੇਂ ਸਿਰ ਹਸਪਤਾਲ ਨਾ ਲਿਜਾਇਆ ਜਾਂਦਾ ਤਾਂ ਉਨ੍ਹਾਂ ਦਾ ਬਚਣਾ ਮੁਸ਼ਕਲ ਸੀ।



ਇਸ ਤਰ੍ਹਾਂ ਪਿਛਲੇ ਦੋ ਦਿਨ ਤੱਕ ਮੈਂ ਆਪਣੇ ਅਧਿਆਪਕ ਜੀ ਦੇ ਨਾਲ਼ ਹਸਪਤਾਲ ਹੀ ਰਿਹਾ ਅਤੇ ਮਾਤਾ ਜੀ ਦੀ ਦੇਖ-ਭਾਲ਼ ਕਰਨ ਵਿੱਚ ਮਦਦ ਕੀਤੀ। ਹੁਣ ਮਾਤਾ ਜੀ ਕਾਫ਼ੀ ਠੀਕ ਹਨ। ਛੇਤੀ ਹੀ ਘਰ ਆ ਜਾਣਗੇ।



ਇਸ ਲਈ ਮੇਰੇ ਵੀਰ, ਮੈਂ ਚਾਹੁੰਦਾ ਹੋਇਆ ਵੀ ਭੈਣ ਜੀ ਦੇ ਵਿਆਹ 'ਤੇ ਨਹੀਂ ਪੁੱਜ ਸਕਿਆ। ਉਮੀਦ ਹੈ ਤੁਸੀਂ ਮੈਨੂੰ ਮਾਫ ਕਰ ਦਿਓਗੇ। ਮੈਂ ਅਗਲੇ ਹਫ਼ਤੇ ਤੁਹਾਡੇ ਕੋਲ਼ ਆਵਾਂਗਾ। ਤਦ ਤੱਕ ਭੈਣ ਜੀ ਵੀ ਸਹੁਰੇ ਘਰ ਜਾ ਕੇ ਪਰਤ ਆਏ ਹੋਣਗੇ।

ਅੱਛਾ, ਸਾਰੇ ਪਰਿਵਾਰ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ।

ਤੇਰਾ ਪਿਆਰਾ ਮਿੱਤਰ,

ਸੰਦੀਪ ਸਿੰਘ।

ਪਤਾ :

ਸ. ਗੁਰਦੇਵ ਸਿੰਘ,

ਪਿੰਡ ਤੇ ਡਾਕਖ਼ਾਨਾ ਆਕਲੀਆ ਖੁਰਦ,

ਜ਼ਿਲ੍ਹਾ ਬਠਿੰਡਾ।